# February 24, 2021
# Level 3

**1.** Read the following story. There will be questions asked about the story next class.

ਪਾਠ 8

## ਸੱਜਣ ਠੱਗ

*ਇਸ ਪਾਠ ਵਿਚ ਆਏ ਮੁਸ਼ਕਲ ਸ਼ਬਦਾਂ ਨੂੰ ਬੋਲਣਾ ਤੇ ਉਹਨਾਂ ਦੇ ਮਤਲਬ ਸਿਖੋ।*

| | | | | | |
|---|---|---|---|---|---|
| ਤਕੜਾ | strong | ਹਵੇਲੀ | mansion | ਹੋਸ਼ ਉਡਣੇ | to be shocked |
| ਕੋਨਾ | corner | ਠੱਗ | cheater | ਨੇਕ | honest |
| ਸੇਵਕ | servant | ਧਰਮਸਾਲਾ | gurdwara | ਬਿਸਤਰਾ | bed |
| ਭੁਗਤਣਾ | to pay for | ਸੱਜਣ | friend | ਖੂਹ | well |
| ਧਾਰਮਿਕ | religious | ਖ਼ਿਆਲ | ideas | ਸਾਫ਼ | clean |
| ਮੁਸਾਫ਼ਰ | traveler | ਜਾਪਦਾ | seemed | ਇਨਸਾਨ | person |
| ਬੰਦਗੀ | prayer | ਸਰਾਂ | resting place | ਗੁਨਾਹ | sins |
| ਪੈਰ ਚੁੰਮਣੇ | to kiss feet | | | | |

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਤੁਲੰਭਾ ਪਿੰਡ ਵਿਚ ਗਏ। ਇਹ ਪਿੰਡ ਹੁਣ ਪਾਕਿਸਤਾਨ ਵਿਚ ਹੈ। ਉਸ ਪਿੰਡ ਵਿਚ ਇਕ ਬਹੁਤ ਤਕੜਾ ਆਦਮੀ ਰਹਿੰਦਾ ਸੀ। ਉਸ ਦਾ ਨਾਂ ਸੱਜਣ ਸੀ। ਉਸ ਦੀ ਇਕ ਵੱਡੀ ਹਵੇਲੀ ਸੀ। ਉਸ ਹਵੇਲੀ ਦੇ ਇਕ ਕੋਨੇ ਵਿਚ ਉਸ ਨੇ ਇਕ ਮਸੀਤ ਬਣਾ ਰੱਖੀ ਸੀ ਤੇ ਦੂਸਰੇ ਕੋਨੇ ਵਿਚ ਇਕ ਮੰਦਰ। ਮਸੀਤ ਮੁਸਲਮਾਨਾਂ ਲਈ ਰੱਬ ਨੂੰ ਯਾਦ ਕਰਨ ਦੀ ਥਾਂ ਹੈ ਤੇ ਮੰਦਰ ਹਿੰਦੂਆਂ ਲਈ। ਮੁਸਾਫ਼ਰਾਂ ਲਈ ਇਕ ਵੱਡੀ ਸਰਾਂ ਵੀ ਬਣਾਈ ਹੋਈ ਸੀ, ਜਿਸ ਵਿਚ ਉਹ ਰਾਤ ਰਹਿ ਸਕਦੇ ਸਨ।

ਉਹ ਸਾਧੂਆਂ ਵਾਲੇ ਕਪੜੇ ਪਾਉਂਦਾ ਸੀ। ਉਸ ਨੂੰ ਦੇਖ ਕੇ ਇਹ ਜਾਪਦਾ ਸੀ ਕਿ ਸੱਜਣ ਬਹੁਤ ਹੀ ਧਾਰਮਿਕ ਖ਼ਿਆਲਾਂ ਵਾਲਾ ਇਨਸਾਨ ਹੈ। ਜਦ ਵੀ ਕੋਈ ਮੁਸਾਫ਼ਰ ਆ ਜਾਂਦਾ ਤਾਂ ਸੱਜਣ ਉਹਨਾਂ ਦੀ ਬਹੁਤ ਸੇਵਾ ਕਰਦਾ। ਉਹਨਾਂ ਨੂੰ ਚੰਗਾ ਭੋਜਨ ਖੁਆਉਂਦਾ। ਸੌਣ ਲਈ ਸਾਫ਼ ਬਿਸਤਰਾ ਦੇਂਦਾ।

ਪਰ ਜਦ ਮੁਸਾਫ਼ਰ ਸੌਂ ਜਾਂਦਾ ਤਾਂ ਸੱਜਣ ਅਤੇ ਉਸ ਦੇ ਸਾਥੀ ਉਸ ਨੂੰ ਖੂਹ ਵਿਚ ਸੁੱਟ ਕੇ ਮਾਰ ਦੇਂਦੇ ਤੇ ਉਸ ਮੁਸਾਫ਼ਰ ਦੀਆਂ ਸਭ ਚੀਜ਼ਾਂ ਅਤੇ ਪੈਸਾ ਰੱਖ ਲੈਂਦੇ।

32

GURMAT CENTER SINCE 1993

ਗੁਰੂ ਨਾਨਕ ਦੇਵ ਜੀ ਸੱਜਣ ਵਰਗੇ ਬੰਦਿਆਂ ਨੂੰ ਭੈੜੇ ਕੰਮਾਂ ਤੋਂ ਹਟਾਉਣਾ ਚਾਹੁੰਦੇ ਸਨ ਅਤੇ ਚੰਗੇ ਕੰਮਾਂ ਵਿਚ ਲਾਉਣਾ ਚਾਹੁੰਦੇ ਸਨ। ਇਸੇ ਲਈ ਹੀ ਗੁਰੂ ਜੀ ਉਸ ਦੇ ਘਰ ਪਹੁੰਚੇ।

ਸੱਜਣ ਨੇ ਗੁਰੂ ਜੀ ਨੂੰ ਦੇਖਿਆ ਤਾਂ ਗੁਰੂ ਜੀ ਦੇ ਚਿਹਰੇ ਨੂੰ ਦੇਖ ਕੇ ਸਮਝ ਗਿਆ ਕਿ ਗੁਰੂ ਜੀ ਵਿਚ ਰੱਬ ਦਾ ਨੂਰ ਹੈ। ਉਸ ਨੇ ਗੁਰੂ ਜੀ ਤੇ ਮਰਦਾਨੇ ਦੀ ਬਹੁਤ ਸੇਵਾ ਕੀਤੀ। ਉਹਨਾਂ ਨਾਲ ਗੱਲਾਂ ਕਰਨ ਲੱਗਾ। ਗੁਰੂ ਜੀ ਨੇ ਉਸ ਕੋਲੋਂ ਉਸ ਦਾ ਨਾਂ ਪੁੱਛਿਆ। ਸੱਜਣ ਬੋਲਿਆ, "ਜੀ ਮੇਰਾ ਨਾਂ ਸੱਜਣ ਹੈ। ਤੇ ਮੈਂ ਸਭ ਦਾ ਸੱਜਣ ਹਾਂ। ਮੇਰੇ ਲਈ ਹਿੰਦੂ, ਮੁਸਲਮਾਨ ਸਭ ਬਰਾਬਰ ਹਨ। ਮੈਂ ਸਭ ਮੁਸਾਫ਼ਰਾਂ ਦੀ ਸੇਵਾ ਕਰਦਾ ਹਾਂ।" ਗੁਰੂ ਜੀ ਨੇ ਉਸ ਵੱਲ ਦੇਖਿਆ ਤੇ ਬੋਲੇ, "ਤੇਰਾ ਨਾਂ ਤਾਂ ਸੱਜਣ ਹੈ, ਪਰ ਕੀ ਤੂੰ ਕੰਮ ਵੀ ਸੱਜਣਾਂ ਵਾਲੇ ਕਰਦਾ ਹੈਂ ?" ਸੱਜਣ ਗੁਰੂ ਜੀ ਦੀ ਗੱਲ ਸੁਣ ਕੇ ਘਬਰਾ ਗਿਆ।

ਫਿਰ ਰਾਤ ਹੋਈ ਤਾਂ ਉਸ ਨੇ ਗੁਰੂ ਜੀ ਨੂੰ ਸੌਣ ਲਈ ਕਿਹਾ। ਗੁਰੂ ਜੀ ਨੇ ਕਿਹਾ, "ਸੱਜਣਾ, ਅਸੀਂ ਰੱਬ ਦੀ ਬੰਦਗੀ ਦਾ ਇਕ ਸ਼ਬਦ ਕਹਿ ਕੇ ਸੌਂਵਾਂਗੇ।" ਤਾਂ ਸੱਜਣ ਨੇ ਕਿਹਾ, "ਜੀ, ਜ਼ਰੂਰ ਕਹੋ।"

ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਅਤੇ ਆਪ ਜੀ ਨੇ ਇਕ ਸ਼ਬਦ ਪੜ੍ਹਿਆ, ਜਿਸ ਨਾਲ ਸੱਜਣ ਦੇ ਹੋਸ਼ ਉਡ ਗਏ। ਉਹ ਸਮਝ ਗਿਆ ਕਿ ਗੁਰੂ ਜੀ ਉਸ ਦੇ ਸਭ ਭੈੜੇ ਕੰਮਾਂ ਬਾਰੇ ਜਾਣਦੇ ਹਨ। ਉਹ ਗੁਰੂ ਜੀ ਦੇ ਪੈਰਾਂ 'ਤੇ ਡਿੱਗ ਪਿਆ। ਗੁਰੂ ਜੀ ਦੇ ਪੈਰ ਚੁੰਮੇ ਤੇ ਬੋਲਿਆ, "ਗੁਰੂ ਜੀ, ਮੈਂ ਬਹੁਤ ਪਾਪ ਕੀਤੇ ਹਨ। ਮੇਰੇ ਗੁਨਾਹ ਮਾਫ਼ ਕਰੋ।"

"ਸੱਜਣਾ, ਰੱਬ ਤੇਰੇ ਸਭ ਕੰਮਾਂ ਨੂੰ ਦੇਖਦਾ ਹੈ। ਜੋ ਤੂੰ ਇਹ ਧਨ ਇਕੱਠਾ ਕਰਦਾ ਹੈਂ, ਇਸ ਨੇ ਇਥੇ ਹੀ ਰਹਿ ਜਾਣਾ ਹੈ। ਪਰ ਤੇਰੇ ਕੀਤੇ ਹੋਏ ਪਾਪ ਤੇਰੇ ਨਾਲ ਜਾਣਗੇ ਤੇ ਤੈਨੂੰ ਇਹਨਾਂ ਦਾ ਫਲ ਭੁਗਤਣਾ ਪਵੇਗਾ।" ਗੁਰੂ ਨਾਨਕ ਦੇਵ ਜੀ ਨੇ ਸੱਜਣ ਨੂੰ ਜਦ ਇਹ ਸ਼ਬਦ ਕਹੇ ਤਾਂ ਉਹ ਬਹੁਤ ਰੋਇਆ ਤੇ ਫਿਰ ਗੁਰੂ ਜੀ ਦੇ ਪੈਰਾਂ 'ਤੇ ਪੈ ਗਿਆ।

ਗੁਰੂ ਜੀ ਨੇ ਉਸ ਨੂੰ ਉਹ ਸਾਰਾ ਪੈਸਾ ਲਿਆਉਣ ਲਈ ਕਿਹਾ ਜੋ ਉਸ ਨੇ ਲੋਕਾਂ ਨੂੰ ਮਾਰ ਕੇ ਇਕੱਠਾ ਕੀਤਾ ਸੀ। ਉਹ ਸਾਰਾ ਪੈਸਾ ਲੋਕਾਂ ਦੀ ਸੇਵਾ ਵਿਚ ਖ਼ਰਚਣ ਲਈ ਕਿਹਾ। ਸੱਜਣ ਨੇ ਗੁਰੂ ਜੀ ਦਾ ਕਹਿਣਾ ਮੰਨਿਆ। ਉਹ ਗੁਰੂ ਜੀ ਦਾ ਸਿੱਖ ਬਣ ਗਿਆ। ਉਸ ਨੇ ਇਕ ਧਰਮਸਾਲਾ ਬਣਾਈ ਅਤੇ ਲੋਕਾਂ ਦੀ ਸੱਚਮੁੱਚ ਸੇਵਾ ਕਰਨ ਲੱਗ ਪਿਆ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੱਜਣ ਠੱਗ ਵਰਗੇ ਇਨਸਾਨ ਨੂੰ ਸੱਜਣ ਬਣਾਇਆ।



30640 Blueridge Drive, Abbotsford, BC ■ 604.855.0020 ■ www.gurmatcenter.com

Taking care of our children's future...today!

**2.** Write down the paragraphs on page 32 of the story (from ਇਕ ਵਾਰ...

to ਰੱਖ ਲੈਂਦੇ).

**ANNOUNCEMENTS**

1. Spring Break
    - There will only be one week of spring break this year in order to successfully complete class curriculum by June.
    - Classes WILL continue during the first week of school district spring break week (Monday, March 15 to Friday, March 19, 2021).
    - Break will take place from Monday, March 22 to Friday, March 26, 2021.